# ਦਫਤਰ ਨਗਰ ਨਿਗਮ ਫਗਵਾੜਾ
## OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com


ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ: 1317 ਮਿਤੀ: 09/5/23

ਵਿਸ਼ਾ:- **ਕਮਿਸ਼ਨਰ, ਨਗਰ ਨਿਗਮ ਫਗਵਾੜਾ ਜੀ ਵੱਲੋਂ ਮਿਤੀ 08/05/2023 ਨੂੰ ਪਾਸ ਕੀਤੇ ਗਏ ਹੁਕਮਾਂ ਦੀ ਨਕਲ ਸੂਚਨਾ ਹਿੱਤ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਵੱਲੋਂ ਪਾਸ ਕੀਤੇ ਗਏ ਹੁਕਮ ਨੰ:29,30,31 ਮਿਤੀ 08/05/2023 ਦੀ ਨਕਲ ਆਪ ਜੀ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ:- ਉਕਤ ਅਨੁਸਾਰ

**ਅਜੰਡਾ ਸੁਪਰਡੰਟ,**
**ਨਗਰ ਨਿਗਮ, ਫਗਵਾੜਾ।**

**ਪਿੱਠ ਅੰਕਣ ਨੰ:** 1318 - 1321 **ਮਿਤੀ:** 09/5/23

ਉਪਰੋਕਤ ਦਾ ਇੱਕ ਉਤਾਰਾ:-

1. ਮਾਨਯੋਗ ਡਵੀਜ਼ਨਲ ਕਮਿਸ਼ਨਰ, ਜਲੰਧਰ ਮੰਡਲ, ਜਲੰਧਰ ਜੀ ਨੂੰ ਸੂਚਨਾਂ ਹਿੱਤ।
2. ਮਾਨਯੋਗ ਡਿਪਟੀ ਕਮਿਸ਼ਨਰ,ਕਪੂਰਥਲਾ ਜੀ ਨੂੰ ਸੂਚਨਾਂ ਹਿੱਤ।
3. ਮਾਨਯੋਗ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਨੂੰ ਸੂਚਨਾਂ ਹਿੱਤ।
4. ਸਬੰਧਤ ਅਧਿਕਾਰੀ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**ਅਜੰਡਾ ਸੁਪਰਡੰਟ,**
**ਨਗਰ ਨਿਗਮ, ਫਗਵਾੜਾ।**

ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 Fax: 01824-223260
Website: www.mcphagwara.com Email: comm.mcpgr@punjab.gov.in

ਮਿਤੀ 08/05/2023 ਨੂੰ ਡਾਂ. ਨਯਨ ਪੀ.ਸੀ.ਐਸ. ਕਮਿਸ਼ਨਰ, ਨਗਰ ਨਿਗਮ, ਫਗਵਾੜਾ ਵੱਲੋ ਹੇਠ ਲਿਖੇ ਅਨੁਸਾਰ ਪ੍ਰਸ਼ਾਸਕੀ ਹੁਕਮ ਪਾਸ ਕੀਤੇ ਗਏ।

<table>
<tr><th>ਲੜੀ ਨੰ.</th><th>ਮਤਾ ਨੰ. ਅਤੇ ਮਿਤੀ</th><th>ਮਤੇ ਦਾ ਵੇਰਵਾ</th><th>ਕਿਰਪਾ ਕਰਕੇ ਸੁਨਿਸ਼ਚਿਤ ਕੀਤਾ ਜਾਵੇ ਕਿ ਮਿਤੀ 10.10.2022 ਰਾਹੀਂ ਪਾਸ ਕੀਤੇ ਗਏ ਨਿਰਦੇਸ਼ ਦੇ ਕਿਸ ਪੁਆਇੰਟ ਤਹਿਤ ਇਹ ਮਤਾ ਦੀ ਤਜਵੀਜ ਕੀਤੀ ਗਈ ਹੈ।</th><th>ਕਮਿਸ਼ਨਰ/ਕਾਰਜ ਸਾਧਕ ਅਫਸਰ ਦੁਆਰਾ ਕੀਤੀ ਗਈ ਟਿੱਪਣੀ</th></tr>
<tr><td>1</td><td>29<br>08/05/2023</td><td>ਰਿਪੋਰਟ ਵੱਲੋ ਚੀਫ ਸੈਨਟਰੀ ਇੰਸਪੈਕਟਰ ਕਿ ਬੇਸਹਾਰਾ ਗਊਆਂ/ਸਾਂਡਾਂ ਸਬੰਧੀ ਆਰਜ਼ੀ ਮੇਹਟਾਂ ਤੋਂ ਸਰਵੇਅ ਕਰਵਾਇਆ ਗਿਆ ਅਤੇ ਉਹਨਾਂ ਵੱਲੋਂ ਕੀਤੀ ਰਿਪੋਰਟ ਰਿਪੋਰਟ ਅਨੁਸਾਰ (ਸੈਂਟਰਲ ਜ਼ੋਨ - 0, ਜ਼ੋਨ 1 - 15, ਜ਼ੋਨ 2 - 32, ਜ਼ੋਨ ਨੰ: 3 - 10, ਜ਼ੋਨ ਨੰ: 4 - 9) ਕੁੱਲ 66 ਬੇਸਹਾਰਾ ਗਊਆਂ/ਸਾਂਡ ਪਾਏ ਗਏ ਹਨ, ਜਿਸ ਕਾਰਨ ਕੋਈ ਵੀ ਅਣਸੁਖਾਵੀਂ ਘਟਨਾ ਦਾ ਖਤਰਾ ਬਣਿਆ ਰਹਿੰਦਾ ਹੈ।<br><br>ਇੱਥੇ ਦੱਸਣਯੋਗ ਹੈ ਕਿ ਨਗਰ ਨਿਗਮ ਪਾਸ ਗਊਆਂ/ਸਾਂਡਾਂ ਦੀ ਦੇਖਭਾਲ ਲਈ ਕਾਓਸੈੱਸ ਜਮਾਂ ਹੁੰਦਾ ਹੈ। ਇਸ ਸਬੰਧੀ ਨਗਰ ਨਿਗਮ, ਫਗਵਾੜਾ ਵੱਲੋਂ ਸ਼ਹਿਰ ਵਿੱਚ ਗਊਸ਼ਾਲਾ ਬਣਾਉਣ ਲਈ ਜਗ੍ਹਾ ਦੀ ਭਾਲ ਕੀਤੀ ਗਈ ਪਰੰਤੂ ਉੱਚਿਤ ਜਗ੍ਹਾ ਨਹੀਂ ਮਿਲੀ ਜਿਸ ਕਾਰਨ ਵੱਖ ਵੱਖ ਗਊਸ਼ਾਲਾਵਾਂ ਨਾਲ ਤਾਲਮੇਲ ਕੀਤਾ ਗਿਆ ਅਤੇ ਇਹਨਾਂ ਗਊਸ਼ਾਲਾਵਾਂ ਵੱਲੋਂ ਗਊਆਂ/ਸਾਂਡਾਂ ਦੇ ਰੱਖ-ਰਖਾਅ ਲਈ ਵੱਖ ਵੱਖ ਗਊਸ਼ਾਲਾ ਤੋਂ ਹੇਠ ਅਨੁਸਾਰ ਰੇਟ ਦਿੱਤੇ ਹਨ:-<br><table><tr><th>ਲੜੀ ਨੰ:</th><th>ਗਊਸ਼ਾਲਾ ਦਾ ਨਾਮ</th><th>ਰੇਟ (ਰੁਪਏ)</th></tr><tr><td>1</td><td>ਸ਼੍ਰੀ ਰਾਧੇ ਕ੍ਰਿਸ਼ਨ ਗਊਧਾਮ ਟਰੱਸਟ (ਰਜਿ.), ਪਿੰਡ ਕੈਂਡ, ਮਲੇਰਕੋਟਲਾ ਰੋਡ ਜ਼ਿਲ੍ਹਾ ਲੁਧਿਆਣਾ</td><td>100/- ਪ੍ਰਤੀ ਦਿਨ ਪ੍ਰਤੀ ਗਊ</td></tr><tr><td>2</td><td>ਸ਼੍ਰੀ ਗੋਬਿੰਦ ਗਊਧਾਮ, ਸੁੱਖਚੈਨ ਸਾਹਿਬ ਰੋਡ, ਫਗਵਾੜਾ</td><td>380/- ਪ੍ਰਤੀ ਦਿਨ ਪ੍ਰਤੀ ਗਊ</td></tr><tr><td>3</td><td>ਸ਼੍ਰੀ ਕ੍ਰਿਸ਼ਨ ਗਊਸ਼ਾਲਾ, ਮੇਹਲੀ ਗੇਟ, ਫਗਵਾੜਾ</td><td>450/- ਪ੍ਰਤੀ ਦਿਨ ਪ੍ਰਤੀ ਗਊ</td></tr></table></td><td>------</td><td>ਸੂਚਨਾ ਹਿੱਤ।</td></tr>
</table>

<table>
<tr><td></td><td></td><td>ਉਪਰੋਕਤ ਗਊਸ਼ਾਲਾਵਾਂ ਵਿੱਚ ਸਭ ਤੋਂ ਘੱਟ ਰੇਟ ਸ਼੍ਰੀ ਰਾਧੇ ਕ੍ਰਿਸ਼ਨ ਗਊਧਾਮ ਟਰੱਸਟ (ਰਜਿ.), ਪਿੰਡ ਕੈਂਡ, ਮਲੇਰਕੋਟਲਾ ਰੋਡ ਜ਼ਿਲ੍ਹਾ ਲੁਧਿਆਣਾ ਦੇ ਪਾਏ ਗਏ ਹਨ। ਇਸ ਲਈ ਪਬਲਿਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਬੇਸਹਾਰਾ ਗਊਆਂ ਨੂੰ ਉਕਤ ਗਊਧਾਮ ਵਿੱਚ ਭੇਜਣ ਸਬੰਧੀ ਐਗਰੀਮੈਂਟ ਅਤੇ ਮਤਾ ਪਾਉਣ ਲਈ ਨਗਰ ਨਿਗਮ ਫਗਵਾੜਾ ਵਿਖੇ ਮਤਿਆਂ ਸਬੰਧੀ ਮਾਣਯੋਗ ਕਮਿਸ਼ਨਰ ਨਗਰ ਨਿਗਮ ਫਗਵਾੜਾ ਜੀ ਵੱਲੋਂ ਹੁਕਮ ਨੰ. 4105 ਮਿਤੀ 13/12/2022 ਰਾਂਹੀ ਬਣਾਈ ਗਈ ਰੈਜ਼ੂਲੇਸ਼ਨ ਕਮੇਟੀ ਵੱਲੋਂ ਉਕਤ ਮਤਾ ਪਾਉਣ ਲਈ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।</td><td></td><td></td></tr>
<tr><td>2</td><td>30<br>08/05/2023</td><td>ਰਿਪੋਰਟ ਵੱਲੋ ਜੂਨੀਅਰ ਇੰਜੀਨਿਅਰ (ਓ ਐਂਡ ਐਮ) ਕਿ ਨਗਰ ਨਿਗਮ ਫਗਵਾੜਾ ਵਿਖੇ ਕੈਟਲ ਕੈਚਰ ਵਹੀਕਲ ਨੂੰ ਚਲਾਉਣ ਅਤੇ ਉਸਦੀ ਸਾਂਭ ਸੰਭਾਲ ਲਈ ਕੋਈ ਵੀ ਵਾਧੂ ਸਟਾਫ ਮੌਜੂਦ ਨਹੀ ਹੈ। ਇਸ ਲਈ ਉਕਤ ਕੰਮ ਨੂੰ ਕਰਵਾਉਣ ਲਈ ਦਫਤਰ ਨਗਰ ਨਿਗਮ ਵਿਖੇ ਇੱਕ ਡਰਾਇਵਰ, ਇੱਕ ਕਲੀਨਰ ਅਤੇ ਚਾਰ ਹੈਲਪਰ ਆਉਟਸੋਰਸ ਤੇ ਰੱਖਣੇ ਜਰੂਰੀ ਹਨ। ਉਕਤ ਸਟਾਫ ਨੂੰ ਆਉਟਸੋਰਸ ਤੇ ਇੱਕ ਸਾਲ ਲਈ ਰੱਖਣ ਵਿੱਚ ਹੇਠ ਲਿਖੇ ਅਨੁਸਾਰ ਖਰਚ ਆਉਣ ਦੀ ਸੰਭਾਵਨਾ ਹੈ।
<table>
<tr><th>ਅਸਾਮੀ</th><th>ਪੇ-ਸਕੇਲ (ਮਾਸਿਕ)</th><th>ਪੇ-ਸਕੇਲ (ਸਲਾਨਾ)</th></tr>
<tr><td>ਡਰਾਇਵਰ 1</td><td>14285</td><td>171420</td></tr>
<tr><td>ਕਲੀਨਰ 1</td><td>13220</td><td>158640</td></tr>
<tr><td>ਹੈਲਪਰ 4 x 12294</td><td>49176</td><td>590112</td></tr>
<tr><td></td><td>Total</td><td>920172</td></tr>
</table>
ਉਕਤ ਅਨੁਸਾਰ ਇਸ ਕੰਮ ਨੂੰ ਕਰਾਉਣ ਲਈ ਇੱਕ ਸਾਲ ਲਈ ਸਟਾਫ ਆਉਟਸੋਰਸ ਤੇ ਰੱਖਣ ਵਿੱਚ 9.20 ਲੱਖ ਦਾ ਖਰਚ ਆਉਣ ਦੀ ਸੰਭਾਵਨਾ ਹੈ। ਜਿਸ ਲਈ ਹਾਉਸ ਦੀ ਪ੍ਰਵਾਨਗੀ ਲੋੜੀਂਦੀ ਹੈ। ਇੱਥੇ ਇਹ ਦੱਸਣਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋ ਜਾਰੀ ਨੋਟੀਫਿਕੇਸ਼ਨ ਨੰ: 5/71/2017/MEO/DA/334 ਮਿਤੀ 23/03/2020 ਰਾਹੀ ਹਾਉਸ ਦੀਆ ਸਾਰੀਆਂ ਸ਼ਕਤੀਆਂ</td><td>------</td><td>ਸੂਚਨਾ ਹਿੱਤ।</td></tr>
</table>

| | | | | |
|---|---|---|---|---|
| | | ਕਮਿਸ਼ਨਰ ਨਗਰ ਨਿਗਮ ਜੀ ਨੂੰ ਦਿੱਤੀਆ ਗਈਆ ਹਨ। ਨਗਰ ਨਿਗਮ ਫਗਵਾੜਾ ਵਿਖੇ ਮਤਿਆਂ ਸਬੰਧੀ ਮਾਣਯੋਗ ਕਮਿਸ਼ਨਰ ਨਗਰ ਨਿਗਮ ਫਗਵਾੜਾ ਜੀ ਵੱਲੋਂ ਹੁਕਮ ਨੰ. 4105 ਮਿਤੀ 13/12/2022 ਰਾਂਹੀ ਬਣਾਈ ਗਈ ਰੈਜ਼ੂਲੇਸ਼ਨ ਕਮੇਟੀ ਵੱਲੋਂ ਉਕਤ ਮਤਾ ਪਾਉਣ ਲਈ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। | | |
| 3 | 31<br>08/05/2023 | ਰਿਪੋਰਟ ਵੱਲੋ ਜੂਨੀਅਰ ਇੰਜੀਨਿਅਰ (ਓ ਐਂਡ ਐਮ) ਕਿ ਨਗਰ ਨਿਗਮ ਫਗਵਾੜਾ ਵਿਖੇ ਅਵਾਰਾ ਪਸ਼ੂਆ ਨੂੰ ਫੜਨ ਲਈ ਕੋਈ ਕੈਟਲ ਕੈਚਰ ਵਹੀਕਲ ਮੌਜੂਦ ਨਹੀ ਹੈ। ਜਿਸ ਕਾਰਨ ਅਵਾਰਾ ਪਸ਼ੂਆ ਨੂੰ ਫੜਨਾ ਅਤੇ ਇਕ ਜਗ੍ਹਾ ਤੋ ਦੂਜੀ ਜਗ੍ਹਾਂ ਤੇ ਲੈਕੇ ਜਾਣਾ ਬਹੁੱਤ ਮੁਸ਼ਕਲ ਹੋ ਰਿਹਾ ਹੈ। ਇਸ ਲਈ ਨਗਰ ਨਿਗਮ ਫਗਵਾੜਾ ਵਿਖੇ ਇਕ ਕੈਟਲ ਕੈਚਰ ਵਹੀਕਲ ਦੀ ਖ੍ਰੀਦ ਕਰਨੀ ਬਹੁਤ ਜਰੂਰੀ ਹੈ। ਜੈਮ ਪੋਰਟਲ ਮੁਤਾਬਕ ਇਸ ਕੈਟਲ ਕੈਚਰ ਵਹੀਕਲ ਦਾ ਰੇਟ 19.00 ਲੱਖ ਰੁਪਏ ਹੈ ਅਤੇ ਇਸ ਵਹੀਕਲ ਦੀ ਰਜਿਸਟਰੇਸ਼ਨ ਅਤੇ ਇੰਸ਼ੋਰੇਸ਼ ਦਾ ਖਰਚ ਲਗਭਗ 2.5 ਲੱਖ ਰੁਪਏ ਹੈ। ਉਕਤ ਅਨੁਸਾਰ ਇਸ ਵਹੀਕਲ ਦੀ ਖ੍ਰੀਦ ਕਰਨ ਵਿੱਚ ਕੁੱਲ 21.5 ਲੱਖ ਦਾ ਖਰਚਾ ਆਉਣ ਦੀ ਸੰਭਾਵਨਾ ਹੈ।ਇੱਥੇ ਇਹ ਦੱਸਣਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋ ਜਾਰੀ ਨੋਟੀਫਿਕੇਸ਼ਨ ਨੰ: 5/71/2017/**MEO/DA/334** ਮਿਤੀ 23/03/2020 ਰਾਹੀ ਹਾਉਸ ਦੀਆ ਸਾਰੀਆਂ ਸ਼ਕਤੀਆਂ ਕਮਿਸ਼ਨਰ ਨਗਰ ਨਿਗਮ ਜੀ ਨੂੰ ਦਿੱਤੀਆ ਗਈਆ ਹਨ। ਨਗਰ ਨਿਗਮ ਫਗਵਾੜਾ ਵਿਖੇ ਮਤਿਆਂ ਸਬੰਧੀ ਮਾਣਯੋਗ ਕਮਿਸ਼ਨਰ ਨਗਰ ਨਿਗਮ ਫਗਵਾੜਾ ਜੀ ਵੱਲੋਂ ਹੁਕਮ ਨੰ. 4105 ਮਿਤੀ 13/12/2022 ਰਾਂਹੀ ਬਣਾਈ ਗਈ ਰੈਜ਼ੂਲੇਸ਼ਨ ਕਮੇਟੀ ਵੱਲੋਂ ਉਕਤ ਮਤਾ ਪਾਉਣ ਲਈ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। | ------ | ਸੂਚਨਾ ਹਿੱਤ। |

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।